Volume - 4 | Issue -2

GKU'S Main Building



UGC APPROVED NEW DELHI

**EDITORIAL BROAD**

*Chief Patron :*
**Dr. G.S Randhawa**
*Vice Chancellor*

*Editor-in-Chief :*
**Dr. G.S. Sidhu**

*Coordinator :*
**Dr. Ashwani Sethi**
*Director IQAC*

*Public Relation Officer :*
**Mr. Lavlin Sachdeva**

*Head Publishing :*
**Mr. Karanbir Singh Sidhu**
*Marketing Manager*

*Designer :*
**Mr. Avtar Singh Sidhu**

# GURU KASHI UNIVERSITY

TALWANDI SABO (BATHINDA) INDIA

## ਗੁਰੂ ਕਾਸ਼ੀ ਯੂਨੀਵਰਸਿਟੀ ਦੇ ਮਹਿਲਾ ਵਿੰਗ ਨੇ ਕਲਪਨਾ ਚਾਵਲਾ ਮੈਮੋਰੀਅਲ ਐਕਸੀਲੈਂਸ ਅਵਾਰਡ 2020 ਵੰਡੇ।

**ਬਠਿੰਡਾ (ਤਲਵੰਡੀ ਸਾਬੋ 1 ਫਰਵਰੀ** 2020) ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਮਹਿਲਾ ਵਿੰਗ ਵੱਲੋਂ ਕਲਪਨਾ ਚਾਵਲਾ ਮੈਮੋਰੀਅਲ ਐਕਸੀਲੈਂਸ ਅਵਾਰਡ 2020 ਦਾ ਆਯੋਜਨ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਕੀਤਾ ਗਿਆ।ਇਸ ਮੌਕੇ ਰੱਖੇ ਗਏ ਸਮਾਰੋਹ ਵਿੱਚ ਸ਼੍ਰੀ ਬਨਾਰਸੀ ਲਾਲ ਚਾਵਲਾ ਪਿਤਾ ਸਵਰਗੀ ਕਲਪਨਾ ਚਾਵਲਾ ਬਤੌਰ ਮੁੱਖ ਮਹਿਮਾਨ ਪਧਾਰੇ। ਇਸ ਅਵਾਰਡ ਸਮਾਰੋਹ ਵਿੱਚ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ), ਸ. ਸੁਖਰਾਜ ਸਿੰਘ ਸਿੱਧੂ (ਐਮ.ਡੀ.), ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ), ਡਾ. ਬੂਟਾ ਸਿੰਘ ਸਿੱਧੂ, ਡਾ. ਐਮ.ਸੀ.ਖੜਕਵਾਲ ਤੇ ਮੈਡਮ ਮੇਘਾ ਮਾਨ (ਏ.ਪੀ.ਆਰ.ਓ. ਮਾਨਸਾ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਮਾਰੋਹ ਵਿੱਚ ਡਾ. ਇੰਦਰਜੀਤ ਕੌਰ, ਡਾ. ਸੋਨਿਕਾ ਭਟਨਾਗਰ, ਪ੍ਰੋ. ਸੁਜਾਤਾ ਮਹਿਤਾ, ਡਾ. ਨਵਜੋਤ ਕੌਰ, ਮੈਡਮ ਜੱਸੀ ਸਾਂਘਾ, ਮੈਡਮ ਦਿਲਪ੍ਰੀਤ ਕੌਰ ਤੇ ਡਾ. ਗੁਰਵੀਰ ਕੌਰ ਨੂੰ ਉਹਨਾਂ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਅਤੇ ਸਮਾਜ ਸੇਵਾ ਵਿੱਚ ਦਿੱਤੇ ਗਏ ਯੋਗਦਾਨ ਲਈ ਕਲਪਨਾ ਚਾਵਲਾ ਮੈਮੋਰੀਅਲ ਐਕਸੀਲੈਂਸ ਅਵਾਰਡ 2020 ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਹਨਾਂ ਨੂੰ ਯਾਦਗਾਰੀ ਚਿੰਨ, ਸ਼ਾਲ ਅਤੇ ਪ੍ਰਸ਼ੰਸਾ ਪੱਤਰ ਨਾਲ ਨਵਾਜਿਆ ਗਿਆ। ਸਮਾਰੋਹ ਵਿੱਚ ਮੈਡਮ ਮੇਘਾ ਮਾਨ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।ਇਸ ਮੌਕੇ ਯੂਨੀਵਰਸਿਟੀ ਦੀਆਂ 43 ਵਿਦਿਆਰਥਣਾਂ ਅਤੇ ਡਾ. ਵਿਜੈ ਲਕਸ਼ਮੀ ਮੁਖੀ ਮਹਿਲਾ ਵਿੰਗ ਦਾ ਵੀ ਸਨਮਾਨ ਕੀਤਾ ਗਿਆ।ਪਤਵੰਤੇ ਸੱਜਣਾ ਵੱਲੋਂ ਕਲਪਨਾ ਚਾਵਲਾ ਮਿਊਜ਼ੀਅਮ ਦਾ ਵੀ ਉਦਘਾਟਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਬਨਾਰਸੀ ਲਾਲ ਚਾਵਲਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਵਰਤਮਾਨ ਸਮੇਂ ਵਿੱਚ ਲੜਕੀਆਂ ਨੂੰ ਸਿੱਖਿਆ ਹਰ ਹਾਲਤ ਵਿੱਚ ਦੇਣੀ ਚਾਹੀਦੀ ਹੈ।ਲੜਕੀਆਂ ਨੂੰ ਉਚੇਰੀ ਸਿੱਖਿਆਂ ਦੇਣ ਲਈ ਮਾਂ ਬਾਪ ਨੂੰ ਅੱਗੇ ਆਉਣਾ ਚਾਹੀਦਾ ਹੈ।ਡਾ. ਇੰਦਰਜੀਤ ਕੌਰ ਨੇ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਸਮਾਜ ਨਿਰਮਾਣ ਵਿੱਚ ਲੜਕੀਆਂ ਦਾ ਯੋਗਦਾਨ ਸਭ ਤੋਂ ਜਿਆਦਾ ਹੈ ਇਸ ਲਈ ਇਹਨਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਸਮਾਰੋਹ ਵਿੱਚ ਬੋਲਦੇ ਹੋਏ ਡਾ. ਜੀ.ਐਸ. ਰੰਧਾਵਾਂ (ਉੱਪ-ਕੁੱਲਪਤੀ) ਨੇ ਕਿਹਾ ਕਿ ਉਹ ਵਿਗਿਆਨ ਦੇ ਖੇਤਰ ਵਿੱਚ ਸਾਡੀਆਂ ਲੜਕੀਆਂ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਤੋਂ ਬਹੁਤ ਪ੍ਰਭਾਵਿਤ ਹਨ, ਤੇ ਉਹਨਾਂ ਨੇ ਇਸ ਖੇਤਰ ਵਿੱਚ ਹਰ ਤਰਾਂ ਦੇ ਸਹਿਯੋਗ ਦਾ ਵਾਅਦਾ ਦੁਹਰਾਇਆ ਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਹ ਯੂਨੀਵਰਸਿਟੀ ਦੁਨੀਆਂ ਦੀ ਬੇਹਤਰੀਨ ਯੂਨੀਵਰਸਿਟੀ ਹੋਵੇਗੀ। ਉਹਨਾਂ ਨੇ ਕਲਪਨਾ ਚਾਵਲਾ ਦੇ ਜੀਵਣ ਬਾਰੇ ਵੀ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਤੇ ਇਸ ਤੋਂ ਪ੍ਰੇਰਣਾ ਲੈਣ ਦੀ ਵੀ ਅਪੀਲ ਕੀਤੀ। ਸਮਾਰੋਹ ਦੇ ਅਖੀਰ ਵਿੱਚ ਡਾ. ਰੋਜ਼ ਨੇ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਸਮਾਰੋਹ ਨੂੰ ਸਫਲ ਬਣਾਉਣ ਲਈ ਪ੍ਰੋ. ਵਿਜੈ ਲਕਸ਼ਮੀ (ਪ੍ਰਧਾਨ ਮਹਿਲਾ ਵਿੰਗ) ਤੇ ਡਾ. ਅਸ਼ਵਨੀ ਸੇਠੀ ਦਾ ਵਿਸ਼ੇਸ਼ ਸਹਿਯੋਗ ਰਿਹਾ।ਸਮਾਰੋਹ ਵਿੱਚ ਮੰਚ ਸੰਚਾਲਕ ਦੀ ਭੂਮਿਕਾ ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਨੇ ਬਾਖ਼ੂਬੀ ਅਦਾ ਕੀਤੀ।



## Guru Kashi University Talwandi Sabo organized Kaplana Chawala Memorial Excellence Award 2020



Guru Kashi University Talwandi Sabo organized Kaplana Chawala Memorial Excellence Award 2020 here on Saturday. Renowned Astronaut, Kalpana Chawala's father Shri Banarasi Lal Chawala presided over the event as a Chief guest. This event chaired by S. Gurlabh Singh Sidhu (Chairman) S. Sukhraj Singh Sidhu (MD), Dr. Gursharan Singh Randhawa (Vice-Chancellor), Dr. Gurjant Singh Sidhu (Registrar), Dr. Harjinder Singh Rose (Dean Academic) and Dr. Narinder Singh (Director Finance). In this event, Dr. Buta Singh Sidhu, Dr. M.C Kharkwal and Madam Megha Maan (APRO, Mansa) made a special appearance. Kalpana Chawla Museum was also inaugurated by the Chief guest. At the ceremony, Dr. Inderjit Kaur (Patron-President of All India Pingalwara Charitable Society (Regd.) felicitated for social work followed by Dr. Sonika Bhatnagar for Social work, Prof. Sujata Sharma in the field of science, Dr. Navjot Kaur in the field of academics and social service, Madam Jassi Sangha for raising her voice for women and social work, Madam Dilrajpreet Kaur a yoga Champion and Brand Ambassador Uttrakhand, Madam Megha Maan for social issue awareness and Dr. Gurvir Kaur for academics and creating awareness about child sexual abuse was honoured with the Kalpana Chawla Memorial Excellence Award 2020 for their achievements. On this occasion, 43 students of the University and Dr. Vijay Lakshmi Chief Women Wing were also honoured. Speaking on the occasion, Shri Banarasi Lal Chawla, Chief Guest, said that at present, education for girls should be given in every situation. He shared the life

journey of Kalpana Chawala and some interesting facts about her personal and professional life. Besides that Dr. Inderjit Kaur in his view said that the contribution of girls in social construction is the highest and hence the due respect should be given to them. Speaking at the ceremony, Dr. GS Randhaya (Vice-Chancellor) said that he was very impressed with the achievements made by our girls in the field of science, and reiterated their commitment to all kinds of cooperation in this field and said that this university would be the best in the world in coming time. At the end of the ceremony, Dr. Harjinder Singh Rose thanked the visiting gentlemen. To make the ceremony a success. Vijay Lakshmi (President Women Wing) and Dr. Ashwani Sethi was especially assisted.

## " ਗਦਰ ਲਹਿਰ ਦੀ ਗਾਥਾ " ਵਿਸ਼ੇ ਤੇ ਸੈਮੀਨਾਰ ਦਾ ਆਯੋਜਨ।




**ਬਠਿੰਡਾ (ਤਲਵੰਡੀ ਸਾਬੋ 3 ਫਰਵਰੀ** 2020) ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ ਬੇਸਿਕ ਸਾਇੰਸਜ਼ ਐਂਡ ਹਿਉਮੈਨਟੀਜ਼ ਦੇ ਐਨ.ਐਸ.ਐਸ. ਵਿਭਾਗ ਵੱਲੋਂ ਡਾ. ਸਤਨਾਮ ਸਿੰਘ ਜੱਸਲ (ਡੀਨ) ਦੀ ਅਗਵਾਈ ਹੇਠ " ਗਦਰ ਲਹਿਰ ਦੀ ਗਾਥਾ " ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਪ੍ਰੋ. ਦਲਜੀਤ ਕੌਰ (ਮੁੱਖ ਵੱਕਤਾ) ਦੇ ਤੌਰ ਤੇ ਪਧਾਰੇ।ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਨੇ ਕੀਤੀ।ਸੈਮੀਨਾਰ ਵਿੱਚ ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ), ਡਾ. ਵਿਜੈ ਸ਼ੰਕਰ ਪ੍ਰਸ਼ਾਦ ਤੇ ਡਾ. ਅਸ਼ਵਨੀ ਮਹਿਤਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਮੁੱਖ ਵੱਕਤਾ ਦੇ ਤੌਰ ਤੇ ਪਧਾਰੇ ਪ੍ਰੋ. ਦਲਜੀਤ ਕੌਰ ਨੇ ਵਿੱਦਿਆਰਥੀਆਂ ਨੂੰ ਆਜ਼ਾਦੀ ਦੇ ਪਰਵਾਨੇ ਗਦਰੀ ਬਾਬਿਆਂ ਦੇ ਜੀਵਣ ਬਾਰੇ ਚਾਨਣਾ ਪਾਇਆ ਤੇ ਉਹਨਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਡਾ. ਸਿੱਧੂ ਵੱਲੋਂ ਐਨ.ਐਸ.ਐਸ.ਵਲੰਟੀਅਰਾਂ ਨੂੰ ਦੇਸ਼ ਨਿਰਮਾਣ ਵਿੱਚ ਆਪਣਾ ਯੋਗਦਾਨ ਦੇਣ ਦੀ ਅਪੀਲ ਵੀ ਕੀਤੀ ਉਹਨਾਂ ਦੱਸਿਆ ਕਿ ਇਹ ਆਜਾਦੀ ਸਾਨੂੰ ਸੂਰਵੀਰਾਂ ਦੇ ਕਾਲੇ ਪਾਣੀ ਦੀ ਸਜ਼ਾ ਅਤੇ ਜ਼ਿੰਦਗੀਆਂ ਦੀ ਕੁਰਬਾਨੀ ਤੋਂ ਬਾਦ ਮਿਲੀ ਹੈ।ਸਮਾਰੋਹ ਵਿੱਚ ਬੋਲਦੇ ਹੋਏ ਡਾ. ਸਤਨਾਮ ਸਿੰਘ ਜੱਸਲ ਨੇ ਵਿੱਦਿਆਰਥੀਆਂ ਨੂੰ ਬੜੀ ਮੁਸ਼ਕਿਲ ਨਾਲ ਪ੍ਰਾਪਤ ਕੀਤੀ ਗਈ ਆਜ਼ਾਦੀ ਦੀ ਮਹੱਤਤਾ ਅਤੇ ਇਸ ਲਈ ਕੀਤੀਆਂ ਗਈਆਂ ਕੁਰਬਾਨੀਆਂ ਬਾਰੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ।ਇਸ ਮੌਕੇ ਉਹਨਾਂ ਬੋਲਦੇ ਹੋਏ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਗਦਰ ਲਹਿਰ ਅਤੇ ਪੰਜਾਬੀਆਂ ਦਾ ਬਹੁਤ ਜ਼ਿਆਦਾ ਯੋਗਦਾਨ ਹੈ, ਪਰ ਅੱਜ ਦਾ ਨੌਜਵਾਨ ਨਸ਼ੇ ਵੱਲ ਵੱਧਦਾ ਜਾ ਰਿਹਾ ਹੈ।ਸਾਨੂੰ ਇਸ ਜਵਾਨੀ ਨੂੰ ਸੰਭਾਲਣਾ ਚਾਹੀਦਾ ਹੈ ਅਤੇ ਦੇਸ਼ ਭਗਤਾਂ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ।ਉਹਨਾਂ ਗਦਰੀ ਬਾਬਿਆਂ ਵੱਲੋਂ ਚਲਾਏ ਗਏ ਪੰਜਾਬੀ ਗਦਰ ਅਖਬਾਰ ਦਾ ਵੀ ਜਿਕਰ ਕੀਤਾ, ਜਿਸ ਨੇ ਪੰਜਾਬੀ ਭਾਸ਼ਾ ਦੇ ਵਿਸਥਾਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।ਸੈਮੀਨਾਰ ਦੇ ਅਖੀਰ ਵਿੱਚ ਡਾ. ਵਿਜੈ ਸ਼ੰਕਰ ਪ੍ਰਸਾਦ ਨੇ ਆਏ ਹੋਏ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ।ਇਸ ਸੈਮੀਨਾਰ ਨੂੰ ਸਫਲ ਬਣਾਉਣ ਵਿੱਚ ਪ੍ਰੋ. ਗੁਰਜੀਤ ਕੌਰ, ਮੈਡਮ ਰਜਨੀ ਬਾਲਾ ਤੇ ਪ੍ਰੋ. ਇਸਹਾਕ ਮਹੰਮਦ ਦਾ ਵਿਸ਼ੇਸ਼ ਸਹਿਯੋਗ ਰਿਹਾ

## 800 ਮੀਟਰ ਦੌੜ ਵਿੱਚ ਬਰਜਿੰਦਰ ਸਿੰਘ ਤੇ ਬਿਪਨਦੀਪ ਸਿੰਘ ਰਹੇ " ਅਵੱਲ " ।

**ਬਠਿੰਡਾ ( ਤਲਵੰਡੀ ਸਾਬੋ 4 ਫਰਵਰੀ** 2020) ਇਲਾਕੇ ਦੀ ਨਾਮੀ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਚੱਲ ਰਹੀ ਐਥਲੈਟਿਕ ਮੀਟ ਵਿੱਚ ਅੱਜ ਪ੍ਰੋ. ਜੀ.ਐਸ.ਗਿੱਲ. ਦੀ ਰਹਿਨੁਮਾਈ ਹੇਠ ਯੂਨੀਵਰਸਿਟੀ ਕਾਲਜ ਆਫ ਫ਼ਿਜ਼ੀਕਲ ਐਜੂਕੇਸ਼ਨ ਤੇ ਯੂਨੀਵਰਸਿਟੀ ਕਾਲਿਜਏਟ ਸਕੂਲ ਦੇ ਖੇਡ ਮੁਕਾਬਲੇ ਕਰਵਾਏ ਗਏ। ਅੱਜ ਦੇ ਇਹਨਾਂ ਖੇਡ ਮੁਕਾਬਲਿਆਂ ਦਾ ਸ਼ੁਭ ਆਰੰਭ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਤੇ ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਨੇ ਕੀਤਾ।ਇਸ ਮੌਕੇ ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ), ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ), ਡਾ. ਚਰਨ ਸਿੰਘ (ਡੀਨ ਫ਼ਿਜ਼ੀਕਲ ਕਾਲਜ), ਪ੍ਰਿੰਸੀਪਲ ਰਿਚਾ ਗੁਪਤਾ ਤੇ ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਐਥਲੈਟਿਕ ਮੀਟ ਦਾ ਆਗਾਜ ਫ਼ਿਜ਼ੀਕਲ ਕਾਲਜ ਦੇ ਵਿਦਿਆਰਥੀ ਸਰਬਜੀਤ ਸਿੰਘ ਦੀ ਟੀਮ ਵੱਲੋਂ ਗਤਕਾ ਪ੍ਰਦਰਸ਼ਨ ਕਰਕੇ ਕੀਤਾ ਗਿਆ।ਇਸ ਮੌਕੇ ਡਾ. ਚਰਨ ਸਿੰਘ (ਡੀਨ) ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ।ਇਸ ਮੌਕੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਡਾ. ਸਿੱਧੂ ਨੇ ਕਿਹਾ ਕਿ ਖਿਡਾਰੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵਰਸਿਟੀ ਆਉਣ ਵਾਲੇ ਸਮੇਂ ਵਿੱਚ ਖੇਡ ਕੈਂਪਾਂ ਦਾ ਆਯੋਜਨ ਕਰੇਗੀ, ਉਹਨਾਂ ਖੇਡਾਂ ਵਿੱਚ ਅੰਤਰ ਯੂਨੀਵਰਸਿਟੀ ਦੇ ਜੇਤੂ ਖਿਡਾਰੀਆਂ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਹੋਏ ਫ਼ਿਜ਼ੀਕਲ ਕਾਲਜ ਦੇ ਮੁਕਾਬਲਿਆਂ ਵਿੱਚ 800 ਮੀਟਰ ਦੌੜ ਵਿੱਚ ਬਲਜਿੰਦਰ ਸਿੰਘ ਨੇ ਪਹਿਲਾ, ਦਰਸ਼ਨ ਸਿੰਘ ਨੇ ਦੂਜਾ, ਬਲਦੇਵ ਸਿੰਘ ਨੇ ਤੀਜਾ। ਲੰਬੀ ਛਾਲ ਲੜਕੀਆਂ ਵਿੱਚ ਬਲਜਿੰਦਰ ਕੌਰ ਪਹਿਲਾ, ਕਰਨਦੀਪ ਕੌਰ ਦੂਜਾ, ਸ਼ਿਵਾਂਗੀ ਤੀਜਾ। ਸ਼ਾਟਪੁੱਟ ਵਿੱਚ ਹਰਜੀਤ ਸਿੰਘ ਨੇ ਪਹਿਲਾ, ਸੁਖਪ੍ਰੀਤ ਸਿੰਘ ਨੇ ਦੂਜਾ ਤੇ ਹਰਜੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।800 ਦੌੜ ਲੜਕੀਆਂ ਵਿੱਚ ਕੁਲਜੀਤ ਕੌਰ ਨੇ ਪਹਿਲਾ, ਬਾਸੂ ਕੌਰ ਨੇ ਦੂਜਾ ਤੇ ਸੁਖਵੀਰ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਕਾਲਿਜਏਟ ਸਕੂਲ ਮੁਕਾਬਲੇ 800 ਮੀਟਰ ਦੌੜ ਵਿੱਚ ਬਿਪਨਦੀਪ ਸਿੰਘ ਨੇ ਪਹਿਲਾ, ਮੋਂਟੂ ਗੋਇਲ ਨੇ ਦੂਜਾ ਤੇ ਹਰਵਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। 200 ਮੀਟਰ ਦੌੜ ਲੜਕਿਆਂ ਵਿੱਚ ਸੱਤਪਾਲ ਸਿੰਘ ਨੇ ਪਹਿਲਾ, ਜਤਿੰਦਰ ਸਿੰਘ ਨੇ ਦੂਜਾ ਤੇ ਨਵਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।200 ਮੀਟਰ ਦੌੜ ਲੜਕੀਆਂ ਵਿੱਚ ਖੁਸ਼ਦੀਪ ਕੌਰ ਨੇ ਪਹਿਲਾ, ਚਰਨਵੀਰ ਕੌਰ ਨੇ ਦੂਜਾ ਤੇ ਕੰਚਨ ਰਾਣੀ ਨੇ ਤੀਜਾ ਸਥਾਨ ਹਾਸਲ ਕੀਤਾ। ਐਥਲੈਟਿਕ ਮੀਟ ਨੂੰ ਸਫਲ ਬਣਾਉਣ ਲਈ ਫ਼ਿਜ਼ੀਕਲ ਕਾਲਜ ਅਤੇ ਕਾਲਿਜਏਟ ਸਕੂਲ ਦੇ ਫੈਕਲਟੀ ਮੈਂਬਰਾਂ ਅਤੇ ਸਟਾਫ ਦਾ ਪੂਰਾ ਸਹਿਯੋਗ ਰਿਹਾ।



## ਜੀ.ਕੇ.ਯੂ. ਦੀ ਐਥਲੈਟਿਕ ਮੀਟ ਵਿੱਚ ਅਮ੍ਰਿਤਪਾਲ ਸਿੰਘ ਤੇ ਕਿਰਨਜੀਤ ਕੌਰ ਛਾਏ।

**ਬਠਿੰਡਾ ( ਤਲਵੰਡੀ ਸਾਬੋ 5 ਫਰਵਰੀ** 2020) ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਚੱਲ ਰਹੀ ਪਹਿਲੀ ਐਥਲੈਟਿਕ ਮੀਟ ਵਿੱਚ ਅੱਜ ਯੂਨੀਵਰਸਿਟੀ ਕਾਲਜ ਆਫ ਕਾਮਰਸ ਐਂਡ ਮੈਨੇਜਮੈਂਟ,ਯੂਨੀਵਰਸਿਟੀ ਕਾਲਜ ਆਫ ਐਜੂਕੇਸ਼ਨ ਅਤੇ ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮੈਨਟੀਜ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਅੱਜ ਇਸ ਐਥਲੈਟਿਕ ਮੀਟ ਦਾ ਉਦਘਾਟਨ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ) ਤੇ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਨੇ ਕੀਤਾ। ਇਸ ਮੌਕੇ ਡਾ. ਸਤਨਾਮ ਸਿੰਘ ਜੱਸਲ (ਡੀਨ), ਡਾ. ਮਮਤਾ ਰਾਏ (ਡੀਨ), ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ), ਡਾ. ਪਰਵੀਨ ਕੁਮਾਰ (ਮੁੱਖੀ ਕਾਮਰਸ ਵਿਭਾਗ), ਡਾ. ਅੰਜਲੀ ਮੋਂਗਾ, ਡਾ. ਅਜਮੇਰ ਸਿੰਘ, ਡਾ. ਚਰਨ ਸਿੰਘ (ਡੀਨ) ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪਧਾਰੇ। ਇਸ ਮੌਕੇ ਕੀਤੇ ਗਏ ਇਨਾਮ ਵੰਡ ਸਮਾਰੋਹ ਵਿੱਚ ਬੋਲਦੇ ਹੋਏ ਡਾ. ਰੰਧਾਵਾਂ ਨੇ ਕਿਹਾ ਕਿ ਵਿਦਿਆਰਥੀ ਕਲਾਸਾਂ ਤੋਂ ਇਲਾਵਾ ਖੇਡ ਦੇ ਮੇਦਾਨ ਵਿੱਚ ਅਸਲ ਜਿੰਦਗੀ ਸਿੱਖਦਾ ਹੈ।ਖੇਡਾਂ ਖਿਡਾਰੀ ਨੂੰ ਮਾਨਸਿਕ ਤੌਰ ਤੇ ਮਜਬੂਤ ਕਰਦੀਆਂ ਹਨ।ਖੇਡ ਮੇਦਾਨ ਤੋਂ ਆਦਮੀ ਜਿੱਤ ਅਤੇ ਹਾਰ ਨੂੰ ਸਵੀਕਾਰ ਕਰਨਾ ਸਿੱਖਦਾ ਹੈ।ਇਸ ਤੋਂ ਇਲਾਵਾ ਵਰਤਮਾਨ ਸਮੇਂ ਵਿੱਚ ਸ਼ਰੀਰਕ ਤੰਦਰੁਸਤੀ ਅਤੀ ਜਰੂਰੀ ਹੈ। ਵੱਧ ਰਿਹਾ ਤਨਾਉ ਆਦਮੀ ਦੇ ਜੀਵਨ ਨੂੰ ਛੋਟਾ ਕਰ ਰਿਹਾ ਹੈ।ਖੇਡਾਂ ਵਿਅਕਤੀ ਦੇ ਮਾਨਸਿਕ ਤਨਾਉ ਨੂੰ ਘੱਟ ਕਰਦੀਆਂ ਹਨ। ਅੱਜ ਲੰਬੀ ਛਾਲ ਲੜਕੀਆਂ ਵਿੱਚ ਸੋਨਾ ਕੌਰ ਨੇ ਪਹਿਲਾ, ਕਿਰਨਜੀਤ ਕੌਰ ਨੇ ਦੂਜਾ, ਖੁਸਦੀਪ ਕੌਰ ਨੇ ਤੀਜਾ,ਡਿਸਕਸ ਥ੍ਰੋ ਵਿੱਚ ਮਨਪ੍ਰੀਤ ਕੌਰ ਨੇ ਪਹਿਲਾ, ਲਵਪ੍ਰੀਤ ਕੌਰ ਨੇ ਦੂਜਾ, ਖੁਸ਼ਦੀਪ ਕੌਰ ਨੇ ਤੀਜਾ, ਸ਼ਾਟਪੁਟ ਵਿੱਚ ਕਿਰਨਜੀਤ ਕੌਰ ਨੇ ਪਹਿਲਾ, ਮਨਪ੍ਰੀਤ ਕੌਰ ਨੇ ਦੂਜਾ, ਸੁਖਪ੍ਰੀਤ ਕੌਰ ਨੇ ਤੀਜਾ, ਲੜਕਿਆਂ ਦੀ 110 ਮੀਟਰ ਅੜਿਕਾ ਦੌੜ ਵਿੱਚ ਅਮ੍ਰਿਤਪਾਲ ਸਿੰਘ ਨੇ ਪਹਿਲਾ, ਗੁਰਜਿੰਦਰ ਸਿੰਘ ਨੇ ਦੂਜਾ, ਜੀਵਣ ਸਿੰਘ ਨੇ ਤੀਜਾ, ਡਿਸਕਸ ਥ੍ਰੋ ਵਿੱਚ ਭੁਪਿੰਦਰ ਸਿੰਘ ਨੇ ਪਹਿਲਾ, ਜਸਵਿੰਦਰ ਸਿੰਘ ਨੇ ਦੂਜਾ, ਗੁਰਪ੍ਰੀਤ ਸਿੰਘ ਨੇ ਤੀਜਾ, ਸ਼ਾਟਪੁਟ ਲੜਕਿਆਂ ਵਿੱਚ ਉਸਮਾਨ ਕੁਰੈਸ਼ੀ ਨੇ ਪਹਿਲਾ, ਭੁਪਿੰਦਰ ਸਿੰਘ ਨੇ ਦੂਜਾ ਤੇ ਆਲਮਦੀਪ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਐਥਲੈਟਿਕ ਮੀਟ ਨੂੰ ਸਫਲ ਬਣਾਉਣ ਵਿੱਚ ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ) ਤੇ ਪ੍ਰੋ. ਗੋਰਾ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਵੱਧ ਝਾੜ ਲਈ ਬੀਜ ਸੁਧਾਰ ਅਤੇ ਬਦਲਵਾਂ ਫਸਲੀ ਚੱਕਰ ਜ਼ਰੂਰੀ- ਡਾ. ਐਮ.ਸੀ. ਖੜਕਵਾਲ।

**ਬਠਿੰਡਾ (ਤਲਵੰਡੀ ਸਾਬੋ 10 ਫਰਵਰੀ 2020)** ਗੁਰੂ ਕਾਸ਼ੀ ਯੂਨੀਨਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਐਗਰੀਕਲਚਰ ਵਿਖੇ " ਖੇਤੀ ਦਾ ਵਿਕਾਸ " ਵਿਸ਼ੇ ਤੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਡਾ. ਐਮ.ਸੀ ਖੜਕਵਾਲ ਬਤੌਰ ਮੁੱਖ ਵੱਕਤਾ ਪਧਾਰੇ। ਇਸ ਮੌਕੇ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜ਼ਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਤੇ ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ) ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਸੈਮੀਨਾਰ ਵਿੱਚ ਮੁੱਖ ਵੱਕਤਾ ਦੀ ਜਾਣ ਪਹਿਚਾਣ ਡਾ. ਅਜਮੇਰ ਸਿੰਘ ਸਿੱਧੂ (ਡੀਨ) ਨੇ ਕਰਵਾਈ। ਸੈਮੀਨਾਰ ਵਿੱਚ ਮੁੱਖ ਵੱਕਤਾ ਦੇ ਤੌਰ ਤੇ ਪਧਾਰੇ ਡਾ. ਖੜਕਵਾਲ ਨੇ ਵਿੱਦਿਆਰਥੀਆਂ ਨੂੰ ਖੇਤੀ ਦੇ ਵਿਕਾਸ ਬਾਰੇ ਇਤਿਹਾਸਿਕ ਤੱਥਾਂ ਨਾਲ ਜਾਣਕਾਰੀ ਦਿੱਤੀ। ਉਹਨਾਂ ਵਰਤਮਾਨ ਸਮੇਂ ਵਿੱਚ ਖੇਤੀ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵੀ ਦੱਸਿਆ। ਉਹਨਾਂ ਕਿਹਾ ਕਿ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਵਿਗਿਆਨਿਕ ਵਿਧੀਆਂ ਦੁਆਰਾ ਬੀਜ ਸੁਧਾਰ ਅਤੇ ਬਦਲਵਾਂ ਫਸਲੀਂ ਚੱਕਰ ਅਤਿ ਜਰੂਰੀ ਹੈ। ਉਹਨਾਂ ਵਿੱਦਿਆਰਥੀਆਂ ਅਤੇ ਕਿਸਾਨਾਂ ਨੂੰ ਖੇਤੀ ਵਿੱਚ ਜ਼ਹਿਰਾਂ ਦੀ ਘੱਟੋ ਘੱਟ ਵਰਤੋਂ ਲਈ ਕਿਹਾ। ਉਹਨਾਂ ਵਿੱਦਿਆਰਥੀਆਂ ਨੂੰ ਆਰਗੈਨਿਕ ਖੇਤੀ ਅਤੇ ਵਿਗਿਆਨਕ ਵਿਧੀ ਦੇ ਇਸਤੇਮਾਲ ਤੇ ਜ਼ੋਰ ਦਿੱਤਾ। ਇਸ ਮੌਕੇ ਡਾ. ਰੰਧਾਵਾਂ ਨੇ ਖੇਤੀ ਦੇ ਖੇਤਰ ਵਿੱਚ ਡਾ. ਖੜਕਵਾਲ ਵੱਲੋਂ ਕੀਤੀਆਂ ਗਈਆਂ ਖੋਜ਼ਾਂ ਬਾਰੇ ਵਿੱਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਅਤੇ ਉਹਨਾਂ ਦੀਆਂ ਖੋਜ਼ਾ ਤੋਂ ਫਾਇਦਾ ਲੈਣ ਦੀ ਅਪੀਲ ਵੀ ਕੀਤੀ। ਇਸ ਮੌਕੇ ਡਾ. ਖੜਕਵਾਲ ਨੇ ਆਪਣੀ ਲਿਖੀ ਕਿਤਾਬ " ਪਲਾਂਟ ਬਰੀਡਿੰਗ " ਵੀ ਡਾ. ਰੰਧਾਵਾਂ ਨੂੰ ਭੇਟ ਕੀਤੀ। ਸੈਮੀਨਾਰ ਦੇ ਅਖੀਰ ਵਿੱਚ ਡਾ. ਹਰਜ਼ਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸੈਮੀਨਾਰ ਨੂੰ ਸਫਲ ਬਣਾਉਣ ਲਈ ਡਾ. ਜ਼ੋਰਾ ਸਿੰਘ ਬਰਾੜ ਤੇ ਫੈਕਲਟੀ ਮੈਬਰਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।




## ਜੀ.ਕੇ.ਯੂ. ਦੇ ਵਿੱਦਿਆਰਥੀ " ਧਨਕੀਰਤ " ਦੀ ਹੋਈ ਪੰਜਾਬ ਰਾਜਪਾਲ ਨਾਲ ਮਿਲਣੀ।

**ਬਠਿੰਡਾ (ਤਲਵੰਡੀ ਸਾਬੋ 12 ਫਰਵਰੀ)** ਬੀਤੇ ਦਿਨੀ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਐਗਰੀਕਲਚਰ ਦੇ ਵਿੱਦਿਆਰਥੀ ਧਨਕੀਰਤ ਸਿੰਘ ਨੂੰ ਦਿੱਲੀ ਵਿਖੇ ਹੋਈ ਗਣਤੰਤਰ ਦਿਹਾੜੇ ਦੀ ਪਰੇਡ ਲਈ ਚੁਣਿਆ ਗਿਆ ਸੀ।ਧਨਕੀਰਤ ਪੰਜਾਬ ਦੇ ਉਹਨਾਂ 8 ਵਲੰਟੀਅਰਾਂ ਵਿੱਚੋ ਇੱਕ ਸੀ, ਜਿੰਨਾਂ ਨੇ ਦਿੱਲੀ ਵਿਖੇ ਗਣਤੰਤਰ ਪਰੇਡ ਵਿੱਚ ਪੰਜਾਬ ਦੀ ਨੁਮਾਇੰਦਗੀ ਕੀਤੀ।ਇਸ ਮੌਕੇ ਐਨ.ਐਸ.ਐਸ. ਵਲੰਟੀਅਰਾਂ ਨੂੰ ਭਾਰਤ ਦੇ ਮਾਣਯੋਗ ਰਾਸ਼ਟਰਪਤੀ, ਉੱਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਵੀ ਮੌਕਾ ਮਿਲਿਆ।ਉਹਨਾਂ ਦੀ ਇਸ ਪ੍ਰਾਪਤੀ ਤੋਂ ਖੁਸ਼ ਹੋ ਕੇ ਪੰਜਾਬ ਦੇ ਰਾਜਪਾਲ ਮਾਣਯੋਗ



ਵੀ.ਪੀ. ਬਦਨੌਰ ਨੇ ਵੀ ਇਹਨਾਂ ਵਲੰਟੀਅਰਾਂ ਨੂੰ ਰਾਜਪਾਲ ਭਵਨ ਪੰਜਾਬ ਵਿਖੇ ਚਾਹ ਲਈ ਸੱਦਾ ਦਿੱਤਾ ਤੇ ਉਹਨਾਂ ਨਾਲ ਮੁਲਾਕਾਤ ਕੀਤੀ। ਇਸ ਮਿਲਣੀ ਬਾਰੇ ਜਾਣਕਾਰੀ ਦਿੰਦੇ ਹੋਏ ਧਨਕੀਰਤ ਨੇ ਦੱਸਿਆ ਕਿ ਗਣਤੰਤਰ ਦਿਹਾੜੇ ਤੇ ਪਰੇਡ ਲਈ ਸਾਰੇ ਭਾਰਤ ਵਿੱਚੋ 200 ਵਲੰਟੀਅਰਾਂ ਦੀ ਚੋਣ ਕੀਤੀ ਗਈ ਸੀ ਤੇ ਚੋਣ ਉਪਰੰਤ ਉਹਨਾਂ ਦਾ ਦਿੱਲੀ ਵਿਖੇ ਇੱਕ ਮਹੀਨੇ ਦਾ ਟ੍ਰੇਨਿੰਗ ਕੈਂਪ ਵੀ ਲਗਾਇਆ ਗਿਆ ਜੋ " ਏਕ ਭਾਰਤ ਸ਼੍ਰੇਸ਼ਠ ਭਾਰਤ " ਵਿਚਾਰ ਤੇ ਆਧਾਰਿਤ ਸੀ।ਇਸ ਮੌਕੇ ਉਹਨਾਂ ਨੂੰ ਭਾਰਤ ਦੇ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਨੂੰ ਜਾਣਨ ਦਾ ਮੌਕਾ ਮਿਲਿਆ। ਧਨਕੀਰਤ ਦੀ ਇਸ ਪ੍ਰਾਪਤੀ ਤੇ ਉਸ ਨੂੰ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਚੇਅਰਮੈਨ ਸ. ਗੁਰਲਾਭ ਸਿੰਘ ਸਿੱਧੂ ਤੇ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ) ਨੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।ਇਸ ਮੌਕੇ ਰੱਖੇ ਗਏ ਸਨਮਾਨ ਸਮਾਰੋਹ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜ਼ਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਅਜਮੇਰ ਸਿੰਘ (ਡੀਨ), ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ) ਤੇ ਡਾ. ਸੰਜੇ ਤਨੇਜਾ ਵਿਸ਼ੇਸ਼ ਤੌਰ ਤੇ ਹਾਜਰ ਹੋਏ।

## ਪੰਜਾਬੀ ਵਿਰਸੇ ਦੀ ਪਹਿਚਾਣ " ਦੁਮਾਲਾ ਸਜਾਉਣ " ਦੇ ਮੁਕਾਬਲੇ ਵਿੱਚ ਜੀ.ਕੇ.ਯੂ. ਦੀ ਵਿੱਦਿਆਰਥਣ " ਕਰਮਜੀਤ ਕੌਰ " ਰਹੀ ਅਵੱਲ।

**ਬਠਿੰਡਾ (ਤਲਵੰਡੀ ਸਾਬੋ 14 ਫਰਵਰੀ** 2020) ਬੀਤੇ ਦਿਨੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਦੇਸ਼ ਯੂਨੀਵਰਸਿਟੀ ਬਠਿੰਡਾ ਵਿਖੇ ਕਰਵਾਏ ਗਏ ਅੰਤਰ ਕਾਲਜ ਯੁਵਕ ਮੇਲੇ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਵਿਦਿਆਰਥੀ ਕਲਾਕਾਰਾਂ ਨੇ ਪ੍ਰੋ. ਗੁਰਜੀਤ ਸਿੰਘ ਖਾਲਸਾ ਅਤੇ ਪ੍ਰੋ. ਕੰਵਲਜੀਤ ਕੌਰ ਦੀ ਅਗਵਾਈ ਹੇਠ ਵੱਖ-ਵੱਖ ਮੁਕਾਬਲਿਆਂ ਵਿੱਚ ਕਈ ਇਨਾਮ ਜਿੱਤੇ।ਪੁਰਾਤਨ ਪੰਜਾਬੀ ਸੱਭਿਆਚਾਰ ਦੀ ਪਹਿਚਾਣ " ਦੁਮਾਲਾ ਸਜਾਉਣ " ਦੇ ਮੁਕਾਬਲੇ ਵਿੱਚ ਬੇਸਿਕ ਸਾਇੰਸ ਕਾਲਜ ਦੀ ਵਿੱਦਿਆਰਥਣ ਕਰਮਜੀਤ ਕੌਰ ਨੇ ਪਹਿਲਾ, ਪੇਂਟਿੰਗ ਮੁਕਾਬਲੇ ਵਿੱਚ ਗੁਰਪ੍ਰੀਤ ਸਿੰਘ ਨੇ ਦੂਜਾ ਅਤੇ ਕਲੇ ਮਾਡਲਿੰਗ ਵਿੱਚ ਰੁਕਸਾਨਾ ਖਾਨ ਨੇ ਤੀਜਾ ਸਥਾਨ ਹਾਸਿਲ ਕੀਤਾ।ਇਸ ਯੁਵਕ ਮੇਲੇ ਵਿੱਚ ਵਿੱਦਿਆਰਥੀਆਂ ਨੂੰ ਗੁਰਮਤਿ ਆਸੇ ਅਨੁਸਾਰ ਸਿੱਖੀ ਆਚਰਣ ਨੂੰ ਉੱਚਾ ਚੁੱਕਣ ਲਈ ਪ੍ਰੇਰਿਤ ਕਰਨ ਵਾਲੇ ਪ੍ਰੋ. ਗੁਰਜੀਤ ਸਿੰਘ ਖਾਲਸਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਵਿੱਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਗੁਰੂ ਕਾਸੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਇਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ।ਸਨਮਾਨ ਮੌਕੇ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ), ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਤੇ ਡਾ. ਹਰਜ਼ਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਵਿਸ਼ੇਸ਼ ਤੌਰ ਤੇ ਹਾਜਰ ਹੋਏ।ਇਸ ਮੌਕੇ ਬੋਲਦੇ ਹੋਏ ਡਾ. ਰੰਧਾਵਾਂ ਨੇ ਕਿਹਾ ਕਿ ਵਰਤਮਾਨ ਸਮੇਂ ਸਾਡੀ ਜਵਾਨੀ ਨੂੰ ਸਮਾਜ ਵਿੱਚ ਵੱਧ ਰਹੇ ਲੱਚਰਵਾਦ ਤੋਂ ਬਚਾਉਣ ਅਤੇ ਉਹਨਾਂ ਨੂੰ ਸਾਡੇ ਪੁਰਾਣੇ ਅਮੀਰ ਵਿਰਸੇ ਨਾਲ ਜੋੜਨ ਦੀ ਲੋੜ ਹੈ।ਉਹਨਾਂ ਨੇ ਵਿੱਦਿਆਰਥੀਆਂ ਨੂੰ ਸਾਹਿਤਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਇਹਨਾਂ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਦੀ ਤਿਆਰੀ ਵਿੱਚ ਪ੍ਰੋ. ਜਸਪਾਲ ਸਿੰਘ (ਮੁੱਖੀ ਸੰਗੀਤ ਵਿਭਾਗ), ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ) ਅਤੇ ਇੰਜੀ. ਸ਼ਮਸ਼ੇਰ ਸਿੰਘ (ਖੇਤਰੀ ਸਕੱਤਰ ਸਟੱਡੀ ਸਰਕਲ) ਦਾ ਵਿਸ਼ੇਸ਼ ਯੋਗਦਾਨ ਰਿਹਾ।



## Guru Kashi University will honour Dr. Jagdeep Singh Sandhu with the first "Prof. Puran Singh Research Award".

**Bathinda (Talwandi Sabo 17 February 2020)** A press meet was organized by Guru Kashi University Talwandi Sabo at the Press Club Bathinda today. In which Dr. Gursharan Singh Randhawa (Vice-Chancellor), Dr. Gurjant Singh Sidhu (Registrar),Ajmer Singh Sidhu (Dean Agriculture) and Mr. Lovleen Sachdeva (Public Relation Officer) participated in this conference.On this occasion, Dr. Randhawa informed that An award in memory of Prof. Puran Singh will be given to an Indian Scientist for publishing best research paper in field of "Plant Sciences" by Guru Kashi University on 17 February, the birth anniversary of Prof. Puran Singh an eminent, Scientist, writer and poet. Prof. Dr. Randhawa informed that in this series of awards Guru Kashi University will honour to Dr. Jagdeep Singh Sandhu with this award and a cash prize of Rs. One lakh for his outstanding contribution in research work in the field of Plant Science from January 01, 2019, to December 31, 2019. Dr. Jagdeep Singh Sandhu holds B.Sc., M.Sc. (Agriculture) Punjab Agricultural University from Ludhiana. He received his Ph.D. From Cambridge University United Kingdom. He



specializes in plant molecular biology. There are many books and research papers on Sandhu's name. Prof. Puran Singh is known as a poet and a writer while in fact, Prof. Puran Singh was also a great scientist. He made many great discoveries and wrote research papers in the field of Plant Science. Today on 17 Feb, on occasion of 139th birth anniversary of Prof. Puran Singh this honour has been announced by Guru Kashi University. Prof. Dr. Randhawa also informed me that the award will be given annually to an Indian scientist for research work in the field of science. This award will encourage scientists to do work with more zeal and interest. Dr. Randhawa said that Guru Kashi University is one of the premier institutes having excellent infrastructure equipped with latest modern instrument and equipments. Dr. Randhawa also describes the contribution of Prof. Puran Singh in the field of science and literature.

## ਜੀ.ਕੇ.ਯੂ ਦੇ ਕਾਲਜ ਆਫ ਕਾਮਰਸ ਐਂਡ ਮੈਨੇਜਮੈਂਟ ਨੇ “ ਸੱਭਿਆਚਾਰ ਅਤੇ ਧਰਮ “ ਵਿਸ਼ੇ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ।



**ਬਠਿੰਡਾ (ਤਲਵੰਡੀ ਸਾਬੋ 18 ਫਰਵਰੀ 2020)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਕਾਮਰਸ ਐਂਡ ਮੈਨੇਜਮੈਂਟ ਵੱਲੋਂ ਸੱਭਿਆਚਾਰ ਅਤੇ ਧਰਮ ਵਿਸ਼ੇ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਜਿਸ ਦਾ ਉਦਘਾਟਨ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ) ਤੇ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਨੇ ਕੀਤਾ।ਇਸ ਮੌਕੇ ਡਾ. ਪਰਵੀਨ ਕੁਮਾਰ (ਮੁਖੀ ਕਾਮਰਸ ਵਿਭਾਗ), ਡਾ. ਸੰਜੇ ਤਨੇਜਾ, ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ), ਪ੍ਰੋ. ਰਜਨੀ, ਮੈਡਮ ਸੰਦੀਪ ਕੌਰ ਤੇ ਡਾ. ਦੀਪਕ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਇਸ ਮੁਕਾਬਲੇ ਵਿੱਚ ਸ਼ਹਜਾਦੀ ਨੇ ਪਹਿਲਾ, ਪੂਜਾ ਸਿੰਘ ਨੇ ਦੂਜਾ ਅਤੇ ਰਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ।ਮੁਕਾਬਲੇ ਵਿੱਚ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਡਾ. ਰੰਧਾਵਾਂ ਨੇ ਕਿਹਾ ਕਿ ਅਨੇਕਤਾ ਵਿੱਚ ਏਕਤਾ ਭਾਰਤ ਦੀ ਖਾਸ ਪਹਿਚਾਣ ਹੈ।ਵੱਖ-ਵੱਖ ਧਰਮਾਂ, ਜਾਤਾਂ, ਭਾਸ਼ਾਵਾਂ, ਸੱਭਿਆਚਾਰ ਹੋਣ ਦੇ ਬਾਵਜੂਦ ਵੀ ਅਸੀਂ ਸਾਰੇ ਇੱਕ ਹਾਂ, ਇਹੀ ਭਾਰਤ ਰੂਪੀ ਗੁਲਦਸਤੇ ਦਾ ਸੁਹਪਣ ਹੈ। ਸਾਨੂੰ ਸਾਰਿਆਂ ਨੂੰ ਇੱਕ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਤੇ ਦੇਸ਼ ਨਿਰਮਾਣ ਵਿੱਚ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ।ਉਹਨਾਂ ਇਸ ਮੌਕੇ “ ਏਕ ਭਾਰਤ ਸ਼੍ਰੇਸ਼ਠ ਭਾਰਤ “ ਦੇ ਨਾਰੇ ਨੂੰ ਵੀ ਦੁਹਰਾਇਆ। ਅਖੀਰ ਵਿੱਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਡਾ.ਪਰਵੀਨ ਨੇ ਕਿਹਾ ਕਿ ਇਸ ਮੁਕਾਬਲੇ ਦਾ ਮਕਸਦ ਵਿੱਦਿਆਰਥੀਆਂ ਦੀ ਛੁਪੀ ਹੋਈ ਪ੍ਰਤਿਭਾ ਨੂੰ ਨਿਖਾਰਨਾ ਅਤੇ ਉਸ ਨੂੰ ਮੰਚ ਪ੍ਰਦਾਨ ਕਰਨਾ ਹੈ।ਉਹਨਾਂ ਇਸ ਮੁਕਾਬਲੇ ਦੇ ਸਫਲ ਆਯੋਜਨ ਲਈ ਸਮੂਹ ਫੈਕਲਟੀ ਮੈਬਰਾਂ ਦਾ ਧੰਨਵਾਦ ਕੀਤਾ।

## 100 ਮੀਟਰ ਵਿੱਚ ਪੂਜਾ ਤੇ 800 ਮੀਟਰ ਦੌੜ ਵਿੱਚ ਭਾਰਤ ਰਹੇ ਅਵੱਲ।

**ਬਠਿੰਡਾ (ਤਲਵੰਡੀ ਸਾਬੋ** 20-02-2020) ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਐਗਰੀਕਲਚਰ ਵੱਲੋਂ ਐਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ।ਇਸ ਦਾ ਉਦਘਾਟਨ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਨੇ ਕੀਤਾ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ।ਇਸ ਮੌਕੇ ਡਾ. ਅਜਮੇਰ ਸਿੰਘ (ਡੀਨ ਖੇਤੀਬਾੜੀ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ), ਡਾ. ਸ਼ਾਮ ਸਿੰਘ ਢਿੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪਧਾਰੇ।ਇਸ ਐਥਲੈਟਿਕ ਮੀਟ ਮੌਕੇ ਡਾ. ਚਰਨ ਸਿੰਘ, ਪ੍ਰੋ. ਜੀ.ਐਸ. ਗਿੱਲ, ਡਾ. ਜ਼ੋਰਾ ਸਿੰਘ ਬਰਾੜ, ਡਾ. ਬਲਦੇਵ ਸਿੰਘ, ਡਾ. ਬੀ.ਐਸ. ਚਹਿਲ ਤੇ ਲਵਲੀਨ ਸਚਦੇਵਾ ਵੀ ਹਾਜਰ ਹੋਏ। ਇਸ ਮੌਕੇ ਕਰਵਾਏ ਗਏ ਮੁਕਾਬਲਿਆਂ ਵਿੱਚ 800 ਮੀਟਰ ਦੌੜ ਵਿੱਚ ਭਾਰਤ ਕੁਮਾਰ ਨੇ ਪਹਿਲਾ, ਸੰਦੀਪ ਕੁਮਾਰ ਨੇ ਦੂਜਾ, ਬਲਵੀਰ ਸਿੰਘ ਤੀਜਾ, 200 ਮੀਟਰ ਵਿੱਚ ਜਗਦੀਸ਼ ਕੁਮਾਰ ਨੇ ਪਹਿਲਾ, ਅਰੁਣ ਕੁਮਾਰ ਨੇ ਦੂਜਾ, ਮਨਪ੍ਰੀਤ ਨੇ ਤੀਜਾ,400 ਮੀਟਰ ਦੌੜ ਵਿੱਚ ਭਵਾਨੀ ਸ਼ੰਕਰ ਨੇ ਪਹਿਲਾ, ਦਕਸ਼ਵੀਰ ਨੇ ਦੂਜਾ, ਲਕਸ਼ਮਣ ਨੇ ਤੀਜਾ, ਸ਼ਾਟਪੁੱਟ ਵਿੱਚ ਅਕਾਸ਼ਦੀਪ ਚਹਿਲ ਨੇ ਪਹਿਲਾ, ਨਵਜੋਤ ਨੇ ਦੂਜਾ, ਹਰਜੀਤ ਨੇ ਤੀਜਾ, ਲੜਕੀਆਂ ਦੀ 100 ਮੀਟਰ ਅੜਿੱਕਾ ਦੋੜ ਵਿੱਚ ਜਸਪ੍ਰੀਤ ਕੌਰ ਨੇ ਪਹਿਲਾ, ਸਪਨਪ੍ਰੀਤ ਕੌਰ ਨੇ ਦੂਜਾ, ਭਾਰਗਵੀ ਨੇ ਤੀਜਾ, 100 ਮੀਟਰ ਵਿੱਚ ਪੂਜਾ ਨੇ ਪਹਿਲਾ, ਚੰਚਲ ਕੁਮਾਰੀ ਨੇ ਦੂਜਾ, ਪੂਨਮ ਨੇ ਤੀਜਾ, ਡਿਸਕਸ ਥ੍ਰੋ ਵਿੱਚ ਆਰਜੂ ਨੇ ਪਹਿਲਾ, ਨੀਲਮ ਨੇ ਦੂਜਾ ਤੇ ਅਨੀਸ਼ਾ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਕਰਵਾਏ ਗਏ ਇਨਾਮ ਵੰਡ ਸਮਾਰੋਹ ਵਿੱਚ ਡਾ. ਨਰਿੰਦਰ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ।ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਪਧਾਰੇ ਡਾ. ਗੁਰਜੰਟ ਸਿੰਘ ਸਿੱਧੂ ਨੇ ਵਿੱਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਖੇਡਾਂ ਵਿੱਦਿਆਰਥੀ ਦੇ ਜੀਵਣ ਦਾ ਅਤਿ ਮਹੱਤਵਪੂਰਨ ਅੰਗ ਹਨ।ਵਰਤਮਾਨ ਸਮੇਂ ਵਿੱਚ ਵਿੱਦਿਆਰਥੀ ਦੇ ਤੰਦਰੁਸਤ ਰਹਿਣ ਲਈ ਹਰ ਰੋਜ਼ ਕੁਝ ਸਮਾਂ ਖੇਡ ਮੇਦਾਨ ਵਿੱਚ ਜਰੂਰ ਆਉਣਾ ਚਾਹੀਦਾ ਹੈ। ਇਸ ਐਥਲੈਟਿਕ ਮੀਟ ਨੂੰ ਸਫਲ ਬਣਾਉਣ ਲਈ ਡਾ. ਦਿਨੇਸ਼, ਡਾ. ਬਲਵਿੰਦਰ ਸਿੰਘ, ਡਾ. ਬਹਾਦਰਜੀਤ ਸਿੰਘ, ਡਾ. ਹਰਪਾਲ ਸਿੰਘ, ਇੰਜੀ. ਰਜਿੰਦਰ ਸਿੰਘ ਤੇ ਪ੍ਰੋ. ਗੁਰਦੀਪ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।



## ਗੁਰੂ ਕਾਸ਼ੀ ਯੂਨੀਵਰਸਿਟੀ ਦੇ ਵੱਖ-ਵੱਖ ਕਾਲਜਾਂ ਵਿੱਚ ਮਨਾਇਆ ਗਿਆ " ਰਾਸ਼ਟਰੀ ਮਾਤਰੀਭਾਸ਼ਾ ਦਿਹਾੜਾ "

**ਬਠਿੰਡਾ ( ਤਲਵੰਡੀ ਸਾਬੋ 24 ਫਰਵਰੀ 2020 )** ਬੀਤੇ ਦਿਨੀ ਗੁਰੂ ਕਾਸ਼ੀ ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਉਮੈਨਟੀਜ, ਕਾਲਜ ਆਫ ਫੈਸਨ ਟੈਕਨੋਲਜੀ ਅਤੇ ਕਾਲਜ ਆਫ ਫਾਇਨ ਆਰਟ ਵਿਖੇ " ਰਾਸ਼ਟਰੀ ਮਾਤਰੀਭਾਸ਼ਾ ਦਿਹਾੜਾ " ਵਿਸ਼ੇ ਤੇ ਇੱਕ ਸੈਮੀਨਾਰ ਕਰਵਾਇਆ। ਇਸ ਸੈਮੀਨਾਰ ਦਾ ਉਦਘਾਟਨ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਤੇ ਡਾ. ਹਰਜਿੰਦਰ ਸਿੰਘ ਰੋਜ਼ ( ਡੀਨ ਅਕਾਦਮਿਕ) ਨੇ ਕੀਤਾ, ਸੈਮੀਨਾਰ ਵਿੱਚ ਪ੍ਰੋ. ਗੁਰਪ੍ਰੀਤ ਕੌਰ ਮੁੱਖ ਵੱਕਤਾ ਦੇ ਤੌਰ ਤੇ ਪਧਾਰੇ।ਇਸ ਮੌਕੇ ਡਾ. ਸਤਨਾਮ ਸਿੰਘ ਜੱਸਲ (ਡਾਇਰੈਕਟਰ ਸੱਭਿਆਚਾਰਕ ਗਤੀਵਿਧੀਆਂ), ਡਾ. ਵਿਜੈ ਸ਼ੰਕਰ ਪ੍ਰਸਾਦ, ਡਾ. ਜਸਮੀਤ ਸਿੰਘ, ਪ੍ਰੋ. ਕੰਵਲਜੀਤ ਕੌਰ (ਮੁੱਖੀ ਫਾਇਨ ਆਰਟ), ਡਾ. ਸੋਨਲ ਮਿੱਤਲ, ਡਾ. ਅਸ਼ਵਨੀ ਮੇਹਤਾ ਤੇ ਲਵਲੀਨ ਸਚਦੇਵਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਬੋਲਦੇ ਹੋਏ ਡਾ. ਜੱਸਲ ਨੇ ਕਿਹਾ ਕਿ ਉਹ ਕੌਮਾਂ ਖਤਮ ਹੋ ਜਾਂਦੀਆਂ ਹਨ ਜਿਹੜੀਆਂ ਆਪਣੇ ਵਿਰਸੇ, ਸੱਭਿਆਚਾਰ ਅਤੇ ਮਾਤ ਭਾਸ਼ਾ ਨੂੰ ਭੁੱਲ ਜਾਂਦੀਆਂ ਹਨ।ਮਾਤ ਭਾਸ਼ਾ ਦੀ ਗੁੜਤੀ ਬੱਚੇ ਨੂੰ ਮਾਂ ਵੱਲੋਂ ਦਿੱਤੀ ਜਾਂਦੀ ਹੈ।ਭਾਸ਼ਾ ਸੰਚਾਰ ਦਾ ਮਾਧਿਅਮ ਹੈ, ਕੋਈ ਵੀ ਭਾਸ਼ਾ ਵੱਡੀ ਜਾ ਛੋਟੀ ਨਹੀਂ ਹੁੰਦੀ।ਇਸ ਲਈ ਸਾਨੂੰ ਸਾਰੀਆਂ ਭਾਸ਼ਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਡਾ. ਗੁਰਜੰਟ ਸਿੰਘ ਸਿੱਧੂ ਨੇ ਕਿਹਾ ਕਿ ਸਾਨੂੰ ਜਿੰਨੀਆਂ ਵੀ ਭਾਸ਼ਾਵਾਂ ਸੰਭਵ ਹੋਣ ਸਿੱਖਣੀਆਂ ਚਾਹੀਦੀਆ ਹਨ, ਪਰ ਆਪਣੀ ਮਾਤ ਭਾਸ਼ਾ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ।ਇਸ ਮੋਕੇ ਉਹਨਾਂ ਵਿੱਦਿਆਰਥੀਆਂ ਨੂੰ ਇਸ ਦਿਹਾੜੇ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ। ਪ੍ਰੋ. ਗੁਰਪ੍ਰੀਤ ਕੌਰ ਨੇ ਤੱਥਾ ਤੇ ਅੰਕੜਿਆਂ ਸਮੇਤ ਮਾਤ ਭਾਸ਼ਾ ਦੀ ਮਹੱਤਤਾ ਨੂੰ ਸਰੋਤਿਆਂ ਸਾਹਮਣੇ ਪੇਸ਼ ਕੀਤਾ। ਉਹਨਾਂ ਦੱਸਿਆ ਕਿ ਇਹ ਯੂਨਸਕੋ ਦੇ ਨਿਯਮਾਂ ਅਨੁਸਾਰ ਹਰ ਸਾਲ 21 ਫਰਵਰੀ ਨੂੰ ਮਨਾਇਆ ਜਾਂਦਾ ਹੈ। ਉਹਨਾਂ ਵਿੱਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਦੀ ਵੀ ਅਪੀਲ ਕੀਤੀ। ਰਾਸ਼ਟਰੀ ਮਾਤਰੀਭਾਸ਼ਾ ਦਿਹਾੜੇ ਤੇ ਕਾਲਜ ਆਫ ਫਾਇਨ ਆਰਟ ਅਤੇ ਫੈਸ਼ਨ ਟੈਕਨੋਲਜੀ ਵਿਖੇ ਪੋਸਟਰ ਮੇਕਿੰਗ ਅਤੇ ਲੇਖ ਮੁਕਾਬਲੇ ਵੀ ਕਰਵਾਏ ਗਏ।ਜਿਸ ਵਿੱਚ ਗੁਰਪ੍ਰੀਤ ਸਿੰਘ ਨੇ ਪਹਿਲਾ, ਸਤਿਗੁਰੂ ਸਿੰਘ ਨੇ ਦੂਜਾ ਤੇ ਰੁਕਸਾਨਾ ਖਾਨ ਨੇ ਤੀਜਾ ਸਥਾਨ ਹਾਸਿਲ ਕੀਤਾ।ਇਸ ਮੌਕੇ ਜੇਤੂ ਵਿੱਦਿਆਰਥੀਆਂ ਨੂੰ ਟਰਾਫੀ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।ਇਸ ਆਯੋਜਨ ਨੂੰ ਸਫਲ ਬਣਾਉਣ ਵਿੱਚ ਡਾ. ਅਰਪਨਾਂ ਬਾਂਸਲ ਤੇ ਪ੍ਰਿੰਸੀਪਲ ਰਿੱਚਾ ਗੁੱਪਤਾ ਦਾ ਵਿਸ਼ੇਸ਼ ਸਹਿਯੋਗ ਰਿਹਾ।




## ਸਰਬੱਤ ਦੇ ਭਲੇ ਲਈ ਜੀ.ਕੇ.ਯੂ. ਵਿਖੇ ਪਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ।



**ਬਠਿੰਡਾ ( ਤਲਵੰਡੀ ਸਾਬੋ 26 ਫਰਵਰੀ 2020 )** ਬੀਤੇ ਦਿਨੀ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਪ੍ਰਬੰਧਕੀ ਕਮੇਟੀ, ਫੈਕਲਟੀ ਮੈਂਬਰਾਂ ਅਤੇ ਸਮੂਹ ਵਿੱਦਿਆਰਥੀਆਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਗਏ।ਇਸ ਮੌਕੇ ਸਰਬੱਤ ਦੇ ਭਲੇ ਅਤੇ ਸਭ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ ਗਈ ਅਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਆਈਆਂ ਹੋਈਆਂ ਸੰਗਤਾਂ ਨੂੰ ਭਾਈ ਨਿਰਭੈ ਸਿੰਘ ਨੇ ਕੀਰਤਨ ਅਤੇ ਭਾਈ ਜਗਤਾਰ ਸਿੰਘ ਨੇ ਸ਼ਬਦ ਵਿਚਾਰਾ ਨਾਲ ਨਿਹਾਲ ਕੀਤਾ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਸ. ਗੁਰਲਾਭ ਸਿੰਘ ਸਿੱਧੂ (ਚੇਅਰਮੈਨ), ਸ. ਸੁਖਰਾਜ ਸਿੰਘ ਸਿੱਧੂ (ਮੈਨੇਜਿੰਗ ਡਾਇਰੈਕਟਰ), ਸ. ਸੁਖਵਿੰਦਰ ਸਿੰਘ, ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ), ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ), ਡਾ. ਹਰਜ਼ਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਨੇ ਸੰਗਤਾਂ ਦੇ ਨਾਲ ਮੱਥਾ ਟੇਕਿਆ ਅਤੇ ਕੀਰਤਨ ਸਰਵਣ ਕੀਤਾ। ਇਸ ਮੌਕੇ ਤਖਤ ਸ੍ਰੀ ਦਮਦਮਾਂ ਸਾਹਿਬ ਨੂੰ ਸਮਰਪਿਤ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ, ਭਾਈ ਪਰਮਜੀਤ ਸਿੰਘ (ਮੈਨੇਜਰ ਤਖਤ ਸ੍ਰੀ ਦਮਦਮਾਂ ਸਾਹਿਬ), ਸੁੱਖਮਨੀ ਸੇਵਾ ਸੁਸਾਇਟੀ, ਸ. ਬਲਵੰਤ ਸਿੰਘ (ਸਾਬਕਾ ਹੈਡ ਗ੍ਰੰਥੀ), ਇੰਜੀ, ਸ਼ਮਸ਼ੇਰ ਸਿੰਘ, ਸ. ਭੋਲਾ ਸਿੰਘ ਗਰੇਵਾਲ, ਸ. ਸੁਖਦੇਵ ਸਿੰਘ ਝੀਤਾ (ਕਾਰ ਸੇਵਾ ਵਾਲੇ) ਅਤੇ ਪ੍ਰਿੰਸੀਪਲ ਚਮਕੌਰ ਸਿੰਘ ਦਾ ਸਨਮਾਨ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਆਈਆਂ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ. ਗੁਰਲਾਭ ਸਿੰਘ ਸਿੱਧੂ ਨੇ ਕਿਹਾ ਕਿ ਕਿਰਤ ਕਰੋ ਦਾ ਸਿਧਾਂਤ ਸਿਰਫ ਕਿਸਾਨਾਂ ਲਈ ਨਹੀਂ ਸਗੋਂ ਸਮੂਹ ਲੋਕਾਂ ਲਈ ਹੈ।ਹਰ ਇੱਕ ਵਿਅਕਤੀ ਨੂੰ ਆਪਣੇ ਕਿੱਤੇ ਅਨੁਸਾਰ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ, ਇਹੀ ਸੱਚੀ ਭਗਤੀ ਹੋਵੇਗੀ।ਇਸ ਮੌਕੇ ਡਾ. ਰੰਧਾਵਾਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ ਸਿੱਖਾਂ ਦੇ ਗੁਰੂ ਹੀ ਨਹੀਂ ਸਗੋਂ ਸਮੂਹ ਲੋਕਾਈ ਦੇ ਗੁਰੂ ਹਨ।ਉਹਨਾਂ ਨੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਹੈ।ਮੰਚ ਸੰਚਾਲਕ ਦੀ ਭੂਮਿਕਾ ਪ੍ਰੋ. ਗੁਰਜੀਤ ਸਿੰਘ ਖਾਲਸਾ ਨੇ ਬਾਖੂਬੀ ਨਿਭਾਈ।

## ਜੀ.ਕੇ.ਯੂ ਸਰਬੱਤ ਦਾ ਭਲਾ ਸੋਸਾਇਟੀ ਵੱਲੋਂ ਮੁਫਤ ਮੈਡੀਕਲ ਚੈਕਅੱਪ ਕੈਂਪ ਦਾ ਆਯੋਜਨ

**( 28 ਫਰਵਰੀ 2020, ਤਲਵੰਡੀ ਸਾਬੋ )**

ਅੱਜ ਜੀ.ਕੇ.ਯੂ ਸਰਬੱਤ ਦਾ ਭਲਾ ਸੋਸਾਇਟੀ ਵੱਲੋਂ ਪਿੰਡ ਜੋਧਪੁਰ ਪਾਖਰ ਵਿਖੇ ਮੈਕ



ਹਸਪਤਾਲ ਬਠਿੰਡਾ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈਕਅੱਪ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਮਾਹਿਰ ਡਾਕਟਰਾਂ, ਯੂਨੀਵਰਸਿਟੀ ਕਾਲਜ ਆਫ਼ ਫਾਰਮੈਸੀ ਦੇ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਲੱਗਭਗ 125 ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ।

ਇਸ ਕੈਂਪ ਵਿੱਚ ਪਿੰਡ ਜੋਧਪੁਰ ਪਾਖਰ ਦੇ ਸਰਪੰਚ ਸ. ਕਪੂਰ ਸਿੰਘ ਅਤੇ ਪੰਚਾਇਤ ਮੈਂਬਰਾਂ ਦੇ ਸਹਿਯੋਗ ਲਈ ਉਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕੈਂਪ ਬਾਰੇ ਜਾਣਕਾਰੀ ਦਿੰਦਿਆ ਸੋਸਾਇਟੀ ਦੇ ਸੰਚਾਲਕ ਡਾ. ਜਸਮੀਤ ਸਿੰਘ ਨੇ ਦੱਸਿਆ ਕਿ ਸੋਸਾਇਟੀ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਮੈਡੀਕਲ ਕੈਂਪਾਂ, ਸਵੱਛਤਾ, ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਵਿਦਿਆਰਥੀਆਂ ਦੇ ਵਿਅਕਤੀਤੱਵ ਦੇ ਸਮੁੱਚੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਰਹੇਗੀ ਅਤੇ ਵੱਖ-ਵੱਖ ਪਿੰਡਾਂ ਵਿੱਚ ਇਸ ਤਰ੍ਹਾਂ ਦੇ ਕੈਂਪਾਂ ਦਾ ਆਯੋਜਨ ਕਰਦੀ ਰਹੇਗੀ।ਕੈਂਪ ਦੀ ਸਮਾਪਤੀ ਮੌਕੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੇ ਵਰਸਿਟੀ ਪ੍ਰਬੰਧਕਾਂ ਤੇ ਸਟਾਫ਼ ਦਾ ਧੰਨਵਾਦ ਕੀਤਾ। ਕੈਂਪ ਦੇ ਸਫਲ ਆਯੋਜਨ ਲਈ ਅਜੀਤਪਾਲ ਸਿੰਘ, ਆਤਮਾ ਸਿੰਘ, ਪ੍ਰੋ: ਹਰਪਾਲ ਸਿੰਘ, ਪੰਚ ਜਗਜੀਤ ਸਿੰਘ ਅਤੇ ਦਰਸ਼ਨ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

## GKU AWARDIES

| Sr. No. | Name | Award | Year |
|---|---|---|---|
| 1 | Ms. Ripendeep Kaur | Guru Gobing Singh Academic Award - 2020 for Best Mentor | 17-2-2020 |
| 2 | Ms. Sukhdeep Kaur | Guru Gobing Singh Academic Award - 2020 for Best Mentor | 16-2-2020 |
| 3 | Ms. Taranveer Kaur | Guru Gobing Singh Academic Award - 2020 for Outstanding Performance in Teaching | 16-2-2020 |
| 4 | Dr. Gurpreet Kaur | Guru Gobing Singh Academic Award - 2020 for Best Mentor | 16-2-2020 |

Volume - 4 | Issue -2

North India's
**Topmost & Leading**
University




# GKU
## TIME

www.gurukashiuniversity.in

## CAMPUS FACILITIES

- Modern Class Rooms
- WiFi Enabled
- Excellent Security
- AC & Non-AC Hostels (Boys & Girls)
- Medical Care Centre
- International Collaborations
- International Students from Different Countries
- Gymnasium & Sports Infrastructure
- Transport with 100+ kms
- Auditorium with 400 seats
- ATM & Bank Facility

✆ 99142-83400, 99142-86400 | Toll Free No : 1800-120-2624